ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਅਧਿਐਨ ਕੇਂਦਰ
ਪੰਜਾਬ ਓਪਨ ਸਕੂਲ

ਨੰਬਰ: ਪਸਸਬ (E-289570) /ਓ.ਸ /2025......80...... ਮਿਤੀ...03-07-2025

**ਵਿਸ਼ਾ- ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ ਜੁਲਾਈ/ਅਗਸਤ 2025 (ਬਲਾਕ-2) ਪੂਰੇ ਵਿਸ਼ਿਆਂ ਦੀ ਪ੍ਰੀਖਿਆ ਲਈ ਵਿਦਿਆਰਥੀਆਂ ਦੇ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਦੌਰਾਨ ਆਂਤਰਿਕ ਮੁਲਾਂਕਣ/ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ਾਵਾਰ ਅੰਕ ਬੋਰਡ ਪੋਰਟਲ ਤੇ ਅਪਲੋਡ ਕਰਨ ਸਬੰਧੀ ਹਦਾਇਤਾਂ।**

*************

ਓਪਨ ਸਕੂਲ ਦੇ ਅਧਿਐਨ ਕੇਂਦਰਾਂ ਨੂੰ ਹੇਠ ਅਨੁਸਾਰ ਹਦਾਇਤਾਂ ਜਾਰੀਆਂ ਕੀਤੀਆਂ ਜਾਂਦੀਆਂ ਹਨ:-

i ਓਪਨ ਸਕੂਲ ਪ੍ਰਨਾਲ਼ੀ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਲਾਗੂ ਸਕੀਮ ਆਫ ਸਟਡੀਜ਼ ਅਨੁਸਾਰ ਹਰੇਕ ਵਿਸ਼ੇ ਲਈ ਲਿਖਤੀ/ਪ੍ਰਯੋਗੀ (ਜਿੱਥੇ ਲਾਗੂ ਹੋਵੇ) ਅਤੇ ਆਂਤਰਿਕ ਮੁਲਾਂਕਣ ਅੰਕ ਬੋਰਡ ਵੱਲੋਂ ਨਿਰਧਾਰਤ ਕੀਤੇ ਗਏ ਹਨ।

ii ਓਪਨ ਸਕੂਲ ਦੇ ਅਧਿਐਨ ਕੇਂਦਰ ਵੱਲੋਂ ਸੰਚਾਲਿਤ ਕੀਤੇ ਗਏ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਦੌਰਾਨ ਵਿਦਿਆਰਥੀਆਂ ਦੇ ਦੋ ਮੁਲਾਂਕਣ ਟੈਸਟ ਕੰਡਕਟ ਕੀਤੇ ਜਾਣਗੇ ਅਤੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਅੰਕ ਬੋਰਡ ਪੋਰਟਲ ਤੇ ਮਿਤੀ 21-07-2025 ਤੋਂ 31-07-2025 ਤੱਕ ਅਪਲੋਡ ਕੀਤੇ ਜਾਣਗੇ।

iii ਓਪਨ ਸਕੂਲ ਪ੍ਰਨਾਲ਼ੀ ਅਧੀਨ ਦਾਖਲ ਹੋਏ ਵਿਦਿਆਰਥੀਆਂ ਲਈ ਪ੍ਰੀ-ਬੋਰਡ ਪ੍ਰੀਖਿਆ ਦੇਣੀ ਲਾਜ਼ਮੀ ਹੋਵੇਗੀ, ਜੋ ਕਿ ਅਧਿਐਨ ਕੇਂਦਰ ਵੱਲੋਂ ਦੂਜੇ ਵਿਅਕਤੀਗਤ ਪ੍ਰੋਗਰਾਮ ਦੌਰਾਨ (ਪੀ.ਸੀ.ਪੀ) ਲਈ ਜਾਵੇਗੀ ਅਤੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਅੰਕ ਬੋਰਡ ਪੋਰਟਲ ਤੇ ਮਿਤੀ 21-07-2025 ਤੋਂ 31-07-2025 ਤੱਕ ਅਪਲੋਡ ਕੀਤੇ ਜਾਣਗੇ।

iv ਅਧਿਐਨ ਕੇਂਦਰ ਵੱਲੋਂ ਉਪਰੋਕਤ ਦਰਜ ਟੈਸਟ/ਪ੍ਰੀਖਿਆ ਕੰਡਕਟ ਕਰਕੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਨੂੰ (ਪ੍ਰੀ-ਬੋਰਡ ਪ੍ਰੀਖਿਆ ਲਈ 10 ਅੰਕ ਅਤੇ 5 ਅੰਕ ਪ੍ਰਤੀ ਮੁਲਾਂਕਣ ਟੈਸਟ) ਨਿਰਧਾਰਤ ਸ਼ਡਿਊਲ ਅਨੁਸਾਰ ਮਿਤੀ 21-07-2025 ਤੋਂ 31-07-2025 ਤੱਕ ਪੋਰਟਲ ਤੇ ਅਪਲੋਡ ਕੀਤਾ ਜਾਵੇਗਾ। ਹਰੇਕ ਅਧਿਐਨ ਕੇਂਦਰ ਵੱਲੋਂ ਇਸ ਸਬੰਧੀ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ।

v ਸਬੰਧਤ ਅਧਿਐਨ ਕੇਂਦਰ ਵੱਲੋਂ ਅਪਲੋਡ ਕੀਤੇ ਗਏ ਅੰਕਾਂ ਸਬੰਧੀ ਸਮੁੱਚਾ ਰਿਕਾਰਡ ਰੱਖਿਆ ਜਾਵੇ ਅਤੇ ਲੋੜ ਪੈਣ ਤੇ ਮੈਨੂਅਲ ਰਿਕਾਰਡ ਪੇਸ਼ ਕੀਤਾ ਜਾਵੇ।

vi ਉਪਰੋਕਤ ਅਨੁਸਾਰ ਲੋੜੀਂਦੀ ਕਾਰਵਾਈ ਦੀ ਸਮੁੱਚੀ ਜ਼ਿੰਮੇਵਾਰੀ ਸਬੰਧਤ ਅਧਿਐਨ ਕੇਂਦਰ ਮੁੱਖੀ/ਪ੍ਰਿੰਸੀਪਲ ਦੀ ਹੋਵੇਗੀ।

vii ਲੋੜ ਪੈਣ ਤੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਹੇਠ ਦਰਜ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:-

ਦਸਵੀਂ ਸ਼੍ਰੇਣੀ ਲਈ – 01725227275 - 7276, 7290, 7292
ਬਾਰ੍ਹਵੀਂ ਸ਼੍ਰੇਣੀ ਲਈ -01725227305 - 7314, 7318, 7319
ਓਪਨ ਸਕੂਲ ਸ਼ਾਖਾ- 01725227196 - 7197, 7206

**ਨੋਟ:- ਚਾਲੂ ਅਕਾਦਮਿਕ ਸਾਲ 2024-25 ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਫੇਲ ਹੋਏ ਰੈਗੂਲਰ ਵਿਦਿਆਰਥੀਆਂ (ਜਿਹਨਾਂ ਨੇ ਮਿਤੀ 22-05-2025 ਤੋਂ 05-06-2025 ਤੱਕ ਅਤੇ ਮਿਤੀ 09-06-2025 ਤੋਂ 10-06-2025 ਤੱਕ ਆਨਲਾਈਨ ਦਾਖਲਾ ਲਿਆ ਹੈ) ਦੇ ਲਿਖਤੀ ਪ੍ਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਦੇ ਆਧਾਰ ਤੇ ਅਨੁਪਾਤਕ ਅੰਕ ਬੋਰਡ ਵੱਲੋਂ ਲਗਾਏ ਜਾਣਗੇ।**

ਇੰਚਾਰਜ (ਓਪਨ ਸਕੂਲ)
ਪੰਜਾਬ ਸਕੂਲ ਸਿੱਖਿਆ ਬੋਰਡ।